**ਬੱਚਿਆਂ ਲਈ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦਾ ਅਧਿਕਾਰ ਐਕਟ 2009 ਜਾਣਕਾਰੀ ਅਤੇ ਜਾਗਰੂਕਤਾ ਸਬੰਧੀ ਵਰਕਸ਼ਾਪ ।**

ਸਥਾਨ:- ਆਡੀਟੋਰੀਅਮ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ

ਸਰਵ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ

ਚੈਪਟਰ -2
ਸ਼ੈਕਸ਼ਨ -3

ਐਕਟ ਤਹਿਤ ਹਰੇਕ ਬੱਚਾ ਜਿਸ ਦੀ ਉੱਮਰ 6 ਤੋਂ 14 ਸਾਲ ਦੀ ਹੈ, ਉਹ ਆਪਣੇ ਨੇੜਲੇ ਸਕੂਲ ਵਿੱਚ ਮੁਫਤ ਅਤੇ ਲਾਜ਼ਮੀ ਸਿੱਖਿਆ ਲੈਣ ਦਾ ਹੱਕਦਾਰ ਹੈ।

## ਚੈਪਟਰ -2
## ਸ਼ੈਕਸ਼ਨ -4

ਇਸ ਐਕਟ ਵਿੱਚ ਛੇ ਸਾਲ ਤੋਂ ਵੱਡੇ ਬੱਚੇ ਜਿਹੜੇ ਕਿਸੇ ਸਕੂਲ ਵਿੱਚ ਦਾਖ਼ਲ ਨਹੀਂ ਹੋਏ ਜਾਂ ਉਹ ਆਪਣੀ ਮੁੱਢਲੀ ਸਿੱਖਿਆ ਪ੍ਰਾਪਤ ਨਹੀਂ ਕਰ ਸਕੇ ਉਹਨਾਂ ਨੂੰ ਆਪਣੀ ਉਮਰ ਅਨੁਸਾਰ ਯੋਗ ਜਮਾਤ ਵਿੱਚ ਦਾਖਲ ਕਰਨ ਦਾ ਪ੍ਰਾਵਧਾਨ ਹੈ।

## ਚੈਪਟਰ -2
## ਸ਼ੈਕਸ਼ਨ -5

- ਸਕੂਲ ਵਿੱਚ ਮੁੱਢਲੀ ਸਿੱਖਿਆ ਸੰਪੂਰਨ ਕਰਨ ਦਾ ਇੰਤਜ਼ਾਮ ਨਾ ਹੋਣ ਦੀ ਸੂਰਤ ਵਿੱਚ ਬੱਚੇ ਦਾ ਇਹ ਅਧਿਕਾਰ ਹੋਵੇਗਾ ਕਿ ਉਹ ਕਿਸੇ ਹੋਰ ਸਕੂਲ ਵਿੱਚ ਆਪਣਾ ਤਬਾਦਲਾ ਕਰਵਾ ਸਕੇ।

## ਚੈਪਟਰ -3
## ਸ਼ੈਕਸ਼ਨ -6

- ਆਰ ਟੀ ਈ ਐਕਟ 2009 ਦੀਆਂ ਧਰਾਵਾਂ ਨੂੰ ਸਰਕਾਰ ਅਤੇ ਲੋਕਲ ਅਥਾਰਟੀ ਤਿੰਨ ਸਾਲ ਦੇ ਅੰਦਰ ਅੰਦਰ ਲਾਗੂ ਕਰੇਗੀ ।
- ਆਪਣੇ ਨੇੜੇ ਦੇ ਤਜ਼ਵੀਜ਼ ਕੀਤੇ ਖੇਤਰ ਜਾਂ ਹੱਦ ਵਿੱਚ ਸਕੂਲ ਸਥਾਪਤ ਕਰੇਗੀ ਜਿੱਥੇ ਪਹਿਲਾਂ ਸਕੂਲ ਸਥਾਪਤ ਨਹੀਂ ਹੋਇਆ ਹੈ।

## ਚੈਪਟਰ -3
## ਸ਼ੈਕਸ਼ਨ -7

ਇਸ ਐਕਟ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਲਈ ਫੰਡ ਦਾ ਪ੍ਰਾਵਧਾਨ ਕੇਂਦਰ ਅਤੇ ਰਾਜ ਸਰਕਾਰ ਮਿਲ ਕੇ ਕਰਨਗੇ।

ਚੈਪਟਰ -3

ਸ਼ੈਕਸ਼ਨ -8 ਅਤੇ 9

**ਆਰ ਟੀ ਈ ਐਕਟ 2009 ਤਹਿਤ ਕੇਂਦਰ ਰਾਜ ਸਰਕਾਰ ਅਤੇ ਸਥਾਨਕ ਸਰਕਾਰ ਦੀਆਂ ਜ਼ਿਮੇਵਾਰੀਆਂ:**

( ਉਮਰ ਛੇ ਤੋਂ ਚੋਦਾਂ ਸਾਲ)

- ਹਰੇਕ ਬੱਚੇ ਨੂੰ ਲਾਜ਼ਮੀ ਅਤੇ ਮੁਫਤ ਸਿੱਖਿਆ
- ਹਰੇਕ ਬੱਚੇ ਦਾ ਦਾਖਲਾ, ਹਾਜ਼ਰੀ ਤੇ ਮੁੱਢਲੀ ਸਿੱਖਿਆ ਯਕੀਨੀ ਬਣਾਉਣਾ।

- ਸਿੱਖਿਆ ਨੇੜੇ-ਤੇੜ ਦੇ ਸਕੂਲ ਵਿੱਚ ਉਪਲਬਧ ਕਰਵਾਉਣਾ।
- ਵਿਤਕਰਾ ਰਹਿਤ ਸਿੱਖਿਆ- ਕਮਜ਼ੋਰ ਵਰਗ ਅਤੇ ਸੁਵਿਧਾ ਰਹਿਤ ਵਰਗ ਦੇ ਬੱਚਿਆਂ ਲਈ ਵਚਨਬੱਧਤਾ।

- ਸਕੂਲ ਬਿਲਡਿੰਗ,ਅਧਿਆਪਨ ਅਮਲਾ ਤੇ ਸਿੱਖਿਆ-ਸਾਜ਼ੋ ਸਮਾਨ ਦਾ ਇੰਤਜ਼ਾਮ।
- ਸਪੈਸ਼ਲ ਟਰੇਨਿੰਗ ਸਹੂਲਤਾਂ (ਸੈਕਸ਼ਨ ਚਾਰ ਅਨੁਸਾਰ)
- ਦਾਖਲਾ, ਹਾਜ਼ਰੀ ਅਤੇ ਮੁੱਢਲੀ ਸਿੱਖਿਆ ਦੀ ਸੁਨਿਸ਼ਚਿਤਾ ਅਤੇ ਨਿਰੀਖਣ ।
- ਮੁੱਢਲੀ ਗੁਣਵਰਧਕ ਸਿੱਖਿਆ ਨੂੰ ਯਕੀਨੀ ਬਣਾਉਣਾ।

- ਮੁੱਢਲੀ ਸਿੱਖਿਆ ਲਈ ਪਾਠਕ੍ਰਮ ਪ੍ਰਦਾਨ ਕਰਨਾ ਅਤੇ ਸਮੇਂ ਤੇ ਕੋਰਸ ਪੂਰਾ ਕਰਨਾ।
- ਅਧਿਆਪਕਾਂ ਲਈ ਸਿਖਲਾਈ ਅਤੇ ਸਹੂਲਤਾਂ ।

## ਚੈਪਟਰ -3
## ਸ਼ੈਕਸ਼ਨ -10

ਆਰ ਟੀ ਈ ਐਕਟ 2009 ਮਾਪੇ / ਗਾਰਡੀਅਨਜ਼ ਨੂੰ ਡਿਊਟੀ ਦਿੰਦਾ ਹੈ ਕਿ ਉਹ ਆਪਣੇ ਬੱਚੇ ਨੂੰ ਨੇੜੇ ਦੇ ਸਕੂਲ ਵਿੱਚ ਮੁੱਢਲੀ ਸਿੱਖਿਆ ਲਈ ਦਾਖ਼ਲ ਕਰਵਾਵੇ।

## ਚੈਪਟਰ -3
## ਸ਼ੈਕਸ਼ਨ -11

**ਆਰ ਟੀ ਈ ਐਕਟ 2009 ਤਹਿਤ ਸਰਕਾਰ ਨੂੰ ਮੁੱਢਲੀ ਸਿੱਖਿਆ ਤਹਿਤ ਨਿਰਦੇਸ਼:**

- ਤਿੰਨ ਸਾਲ ਦੀ ਉਮਰ ਤੋਂ ਉੱਪਰ ਦੇ ਬੱਚਿਆਂ ਲਈ ਪ੍ਰੀ-ਪ੍ਰਾਇਮਰੀ ਸਿੱਖਿਆ।
- ਜਦੋਂ ਤੱਕ ਬੱਚਾ ਛੇ ਸਾਲ ਦੀ ਉਮਰ ਪੂਰੀ ਨਹੀਂ ਕਰ ਲੈਂਦਾਂ, ਉਸਦੀ ਆਰੰਭਕ ਬਚਪਨ ਦੀ ਸਾਂਭ -ਸੰਭਾਲ।
- ਬੱਚਿਆਂ ਨੂੰ ਸਕੂਲ ਤੋਂ ਪਹਿਲਾਂ ਦੀ ਮੁਫਤ ਵਿੱਦਿਆ ਦੇਣ ਦਾ ਇੰਤਜ਼ਾਮ ਕਰਨਾ।

ਚੈਪਟਰ -4
ਸ਼ੈਕਸ਼ਨ -12

**ਆਰ ਟੀ ਈ ਐਕਟ 2009 ਤਹਿਤ ਸਕੂਲਾਂ ਦੀਆਂ ਜ਼ਿਮੇਵਾਰੀਆਂ :-**

25 % ਰਾਖਵੀਂਕਰਨ ਕਮਜ਼ੋਰ ਅਤੇ ਪਿਛੜੇ ਵਰਗ ਦੇ ਬੱਚਿਆਂ ਲਈ ਸੈਨਿਕ ਸਕੂਲਾਂ / ਕੇਂਦਰੀ ਵਿਦਿਆਲਿਆ, ਨਵੋਦਿਆ ਵਿਦਿਆਲਿਆ ਅਤੇ ਹੋਰ ਗੈਰ ਗ੍ਰਾਂਟ ਪ੍ਰਾਪਤ ਸਕੂਲਾਂ ।

ਚੈਪਟਰ -4
ਸ਼ੈਕਸ਼ਨ -12

ਐਕਟ ਵਿੱਚ ਪ੍ਰਾਵਧਾਨ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ ਕਮਜ਼ੋਰ ਵਰਗ ਦੇ ਬੱਚਿਆਂ ਵੱਲੋਂ ਲਈ ਗਈ ਫੀਸ ਦੀ ਪ੍ਰਤੀਪੂਰਤੀ ਸਰਕਾਰ ਵੱਲੋਂ ਕੀਤੀ ਜਾਵੇਗੀ( ਪ੍ਰਤੀ ਬੱਚਾ ਖਰਚਾ ਜੋ ਰਾਜ ਵੱਲੋ ਪ੍ਰਤੀ ਬੱਚਾ ਖਰਚ ਕੀਤਾ ਜਾ ਰਿਹਾ ਹੈ ਜਾ ਬੱਚੇ ਵੱਲੋਂ ਸਕੂਲ ਨੂੰ ਫੀਸ ਦਿੱਤੀ ਗਈ ਹੈ ਜਿਹੜੀ ਵੀ ਘੱਟ ਹੋਵੇਗੀ

ਐਕਟ ਇਹ ਵੀ ਸਪੱਸ਼ਟ ਕਰਦਾ ਹੈ ਕਿ ਜਿਨ੍ਹਾਂ ਸਕੂਲਾਂ ਨੂੰ ਸਰਕਾਰ ਵੱਲੋਂ ਰਿਆਇਤੀ ਕੀਮਤ ਤੇ ਜ਼ਮੀਨ, ਬਿਲਡਿੰਗ,ਸਾਜ਼ੋ ਸਾਮਾਨ ਜਾਂ ਹੋਰ ਸਹੂਲਤਾਂ ਦਿੱਤੀਆਂ ਗਈਆਂ ਹਨ,ਉਹ ਸਕੂਲ਼ ਸਰਕਾਰ ਵੱਲੋਂ ਕਮਜ਼ੋਰ ਵਰਗ ਦੇ 25% ਵਿਦਿਆਥੀਆਂ ਨੂੰ ਪੜ੍ਹਾਉਣ ਦੇ ਈਵਜ਼ ਵਿੱਚ ਕੋਈ ਰਾਸ਼ੀ ਵਸੂਲਣ ਦਾ ਹੱਕਦਾਰ ਨਹੀਂ ਹੋਵੇਗਾ।

ਚੈਪਟਰ -4

ਸ਼ੈਕਸ਼ਨ -13

## ਕੈਪੀਟੇਸ਼ਨ ਫੀਸ

ਸਕੂਲ ਕਿਸੇ ਵੀ ਵਿੱਦਿਆਰਥੀ ਤੋਂ ਜੇਕਰ ਕੇਪੀਟੇਸ਼ਨ ਫੀਸ ਵਸੂਲ ਕਰਦਾ ਹੈ ਤਾਂ ਇਸ ਫੀਸ ਦੇ 10 ਗੁਣਾਂ ਤੱਕ ਜ਼ੁਰਮਾਨੇ ਦਾ ਭਾਗੀ ਹੋਵੇਗਾ।

ਚੈਪਟਰ -4
ਸ਼ੈਕਸ਼ਨ -14

**ਉਮਰ ਦਾ ਸਬੂਤ ਐਲੀਮੈਂਟਰੀ ਸਿੱਖਿਆ ਲਈ**

- ਜਨਮ ਸਰਟੀਫਿਕੇਟ।
- ਤਜ਼ਵੀਜ਼ ਕੀਤਾ ਹੋਇਆ ਕੋਈ ਹੋਰ ਦਸਤਾਵੇਜ਼।
- ਮਾਂ ਬਾਪ ਵੱਲੋਂ ਦਿੱਤਾ ਗਿਆ ਹਲਫੀਆਂ ਬਿਆਨ।

ਆਰ ਟੀ ਈ ਐਕਟ ਇਹ ਸਪੱਸ਼ਟ ਕਰਦਾ ਹੈ ਕਿ ਜਨਮ ਸੰਬੰਧੀ ਦਸਤਾਵੇਜ਼ ਨਾ ਹੋਣ ਦੀ ਸੂਰਤ ਵਿੱਚ ਵੀ ਕਿਸੇ ਬੱਚੇ ਨੂੰ ਸਕੂਲ ਵਿੱਚ ਦਾਖਲੇ ਤੋਂ ਇੰਨਕਾਰ ਨਹੀਂ ਕੀਤਾ ਜਾ ਸਕਦਾ।

ਚੈਪਟਰ -4
ਸ਼ੈਕਸ਼ਨ -15

ਆਰ ਟੀ ਈ ਐਕਟ ਦਸਦਾ ਹੈ ਕਿ ਸਕੂਲ ਵਿੱਚ ਬੱਚੇ ਨੂੰ ਅਕਾਦਮਿਕ ਸਾਲ ਦੇ ਸ਼ੁਰੂਵਾਤ ਤੋਂ ਦਾਖ਼ਲ ਕੀਤਾ ਜਾਵੇਗਾ ਪ੍ਰੰਤੂ ਕਿਸੇ ਵੀ ਬੱਚੇ ਨੂੰ ਦਾਖ਼ਲੇ ਤੋਂ ਜਵਾਬ ਨਹੀਂ ਦਿੱਤਾ ਜਾ ਸਕਦਾ ਭਾਂਵੇਂ ਬੱਚਾ ਵਧਾਏ ਗਏ ਸਮੇਂ ਤੋਂ ਬਾਅਦ ਵੀ ਦਾਖ਼ਲ ਹੋਣ ਲਈ ਆਵੇ।

ਚੈਪਟਰ -4
ਸ਼ੈਕਸ਼ਨ -16

ਸਕੂਲ ਵਿੱਚ ਦਾਖ਼ਲ ਕੋਈ ਵੀ ਬੱਚਾ ਪਿਛਲੀ ਕਲਾਸ ਵਿੱਚ ਨਹੀਂ ਰੋਕਿਆ ਜਾਵੇਗਾ ਤੇ ਨਾਂ ਹੀ ਮੁੱਢਲੀ ਪੜ੍ਹਾਈ ਪੂਰੀ ਹੋਣ ਤੱਕ ਸਕੂਲ ਚੋਂ ਕੱਢਿਆ ਜਾਏਗਾ।

ਚੈਪਟਰ -4
ਸ਼ੈਕਸ਼ਨ -17

- ਐਕਟ ਤਹਿਤ ਕਿਸੇ ਵੀ ਬੱਚੇ ਨੂੰ ਸਰੀਰਕ ਸਜ਼ਾ ਅਤੇ ਮਾਨਿਸਕ ਪ੍ਰੇਸ਼ਾਨੀ ਦੇਣ ਦੀ ਮਨਾਹੀ ਹੈ ।
- ਅਜਿਹਾ ਕਰਨ ਤੇ ਰੂਲਾਂ ਅਨੁਸਾਰ ਅਨੁਸ਼ਾਸ਼ਨਿਕ ਕੀਤੀ ਜਾਵੇਗੀ।

## ਚੈਪਟਰ -4
## ਸ਼ੈਕਸ਼ਨ -18

ਸਰਕਾਰੀ ਜਾਂ ਸਥਾਨਕ ਸਰਕਾਰ ਦੇ ਸਕੂਲਾਂ ਤੋਂ ਇਲਾਵਾ ਕੋਈ ਵੀ ਸਕੂਲ ਸਥਾਪਿਤ ਜਾਂ ਕਾਰਜ ਨਹੀਂ ਕਰੇਗਾ ਜਦੋਂ ਤੱਕ ਉਹ ਸਕੂਲ ਉਪਯੁੱਕਤ ਅਥਾਰਟੀ ਤੋਂ ਮਾਨਤਾ ਦਾ ਸਰਟੀਫਿਕੇਟ ਪ੍ਰਾਪਤ ਨਹੀਂ ਕਰ ਲੈਂਦਾ।

ਚਲਦਾ...

ਜੇਕਰ ਕੋਈ ਵਿਆਕਤੀ, ਜੋ ਮਾਨਤਾ ਦਾ ਸਰਟੀਫਿਕੇਟ ਲਏ ਬਗੈਰ ਸਕੂਲ ਸਥਾਪਤ ਕਰਦਾ ਜਾਂ ਚਲਾਉਂਦਾ ਹੈ, ਜਾਂ ਮਾਨਤਾ ਰੱਦ ਹੋ ਜਾਣ ਤੋਂ ਬਾਅਦ ਵੀ ਸਕੂਲ ਚਲਾਉਂਦਾ ਰਹਿੰਦਾ ਹੈ, ਉਸ ਨੂੰ ਇੱਕ ਲੱਖ ਰੁਪਏ ਤੱਕ ਜ਼ੁਰਮਾਨਾ ਕੀਤਾ ਜਾ ਸਕਦਾ ਹੈ। ਜੇਕਰ ਇਹ ਉਲੰਘਣਾ ਜਾਰੀ ਰਹਿੰਦੀ ਹੈ ਤਾਂ ਹਰ ਰੋਜ਼ ਦਾ ਦਸ ਹਜ਼ਾਰ ਰੁਪਿਆ ਜ਼ੁਰਮਾਨਾ ਕਰਨ ਦਾ ਐਕਟ ਤਹਿਤ ਪ੍ਰਾਵਧਾਨ ਹੈ।

ਚੈਪਟਰ -4

ਸ਼ੈਕਸ਼ਨ -19

- ਕੋਈ ਵੀ ਸਕੂਲ ਜਿਹੜਾ ਨਿਰਧਾਰਿਤ ਮਾਪ ਦੰਡ ਜ[...] ਮਿਆਰ ਪੂਰਾ ਨਹੀਂ ਕਰਦਾ ਉਹ ਸਥਾਪਿਤ ਨਹੀ[...] ਕੀਤਾ ਜਾ ਸਕਦਾ ।
- ਜੇਕਰ ਕੋਈ ਸਕੂਲ ਐਕਟ ਲਾਗੂ ਹੋਣ ਤੋਂ ਪਹਿਲ[...] ਸਥਾਪਿਤ ਹੋਵੇ ਪਰ ਨਿਰਧਾਰਿਤ ਮਾਪਦੰਡ ਜ[...] ਮਿਆਰ ਪੂਰਾ ਨਾ ਕਰਦਾ ਹੋਵੇ ਤਾਂ ਉਹ ਆਪਣੇ[...] ਖਰਚੇ ਤੇ ਮਾਪਦੰਡ ਅਤੇ ਮਿਆਰ ਐਕਟ ਲਾਗੂ ਹੋ[...] ਦੇ ਤਿੰਨ ਸਾਲ ਦੇ ਅੰਦਰ ਅੰਦਰ ਪੂਰੇ ਕਰੇਗਾ।

ਚੈਪਟਰ -4

ਸ਼ੈਕਸ਼ਨ -20

ਕੇਂਦਰ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਕੇ ਸ਼ਡਿਊਲ ਚੋਂ ਕੋਈ ਮਾਪਦੰਡ ਤੇ ਮਿਆਰ ਹਟਾ ਜਾਂ ਜੋੜ ਵੀ ਸਕਦੀ ਹੈ।

ਚੈਪਟਰ -4

ਸ਼ੈਕਸ਼ਨ -21

## ਮਨੈਜ਼ਮੈਂਟ ਕਮੇਟੀਆਂ

ਸਾਰੇ ਸਕੂਲ ਮਨੈਜ਼ਮੈਂਟ ਕਮੇਟੀ ਬਣਾਉਣਗੇ ਜਿਸ ਵਿੱਚ ਲੋਕਲ ਅਥਾਰਟੀ ਦੇ ਚੁਣੇ ਹੋਏ ਨੁਮਾਇੰਦਿਆਂ, ਮਾਪਿਆ /ਗਾਰਡੀਅਨਜ਼ ਅਤੇ ਅਧਿਆਪਕਾਂ ਚੋਂ ਮੈਂਬਰ ਹੋਣਗੇ, ਪਰ ਇਹ ਉਹਨਾਂ ਸਕੂਲਾਂ ਤੇ ਲਾਗੂ ਨਹੀਂ ਹੋਵੇਗਾ ਜਿਨ੍ਹਾਂ ਨੂੰ ਸਰਕਾਰ ਸਹਾਇਤਾ / ਗ੍ਰਾਂਟ ਨਹੀਂ ਦਿੰਦੀ

ਚਲਦਾ...

## ਮਨੈਜ਼ਮੈਂਟ ਕਮੇਟੀ ਦੇ ਮੈਂਬਰ

- ਤਿੰਨ ਚੋਥਾਈ ਮੈਂਬਰ ਮਾਪਿਆਂ/ਗਾਰਡੀਅਨਜ਼ ਚੋਂ ਹੋਣਗੇ।
- ਕਮਜ਼ੋਰ ਵਰਗਾਂ ਅਤੇ ਸੁਵਿਧਾ ਰਹਿਤ ਸਮੂਹਾਂ ਚੋਂ ਆਏ ਬੱਚਿਆ ਦੇ ਮਾਪਿਆਂ/ਗਾਰਡੀਅਨਜ਼ ਨੂੰ ਅਨੁਪਾਤਕ ਨੁਮਾਇੰਦਗੀ ਦਿੱਤੀ ਜਾਵੇਗੀ।
- 50% ਮੈਂਬਰ ਔਰਤਾਂ ਹੋਣਗੀਆਂ।

## ਮਨੈਜ਼ਮੈਂਟ ਕਮੇਟੀ ਦੇ ਕਾਰਜ

- ਸਕੂਲ ਦੇ ਕੰਮ ਕਾਜ ਦਾ ਨਿਰੀਖਣ।
- ਸਕੂਲ ਲਈ ਵਿਕਾਸ ਯੋਜਨਾ ਦੀ ਤਿਆਰੀ ਤੇ ਸਿਫਾਰਸ਼।
- ਸਬੰਧਤ ਸਰਕਾਰ, ਲੋਕਲ ਅਥਾਰਟੀ ਜਾਂ ਹੋਰ ਸਰੋਤਾਂ ਤੋਂ ਆਈਆ ਗਰਾਂਟਾਂ ਦੀ ਵਰਤੋਂ ਦਾ ਨਿਰੀਖਣ।
- ਤਜਵੀਜ਼ ਕੀਤੇ ਹੋਰ ਕਾਰਜ।

ਚੈਪਟਰ -4

ਸ਼ੈਕਸ਼ਨ -22

## ਮਨੈਜ਼ਮੈਂਟ ਕਮੇਟੀ ਦੇ ਕੰਮ

- ਹਰੇਕ ਸਕੂਲ ਮਨੈਜ਼ਮੈਂਟ ਕਮੇਟੀ ਸਕੂਲ ਲਈ ਵਿਕਾਸ ਯੋਜਨਾਂ ਬਣਾਏਗੀ।
- ਸਕੂਲ ਮਨੈਜ਼ਮੈਂਟ ਕਮੇਟੀ ਦੁਆਰਾ ਤਿਆਰ ਵਿਕਾਸ ਯੋਜਨਾਂ ਉਪਯੁੱਕਤ ਸਰਕਾਰ/ ਲੋਕਲ ਅਥਾਰਟੀ ਦੀਆਂ ਯੋਜਨਾਂਵਾਂ ਅਤੇ ਗ੍ਰਾਂਟਾ ਦੇਣ ਦਾ ਅਧਾਰ ਹੋਵੇਗੀ।

ਚੈਪਟਰ -4
ਸ਼ੈਕਸ਼ਨ -23

## ਅਧਿਆਪਕਾਂ ਦੀ ਨਿਯੁਕਤੀ

ਕੋਈ ਵਿਅਕਤੀ ਜੋ ਅਕਾਦਮਿਕ ਅਥਾਰਟੀ ਵੱਲੋਂ ਨਿਰਧਾਰਤ ਯੋਗਤਾ ਰੱਖਦਾ ਹੋਵੇ, ਉਹ ਅਧਿਆਪਕ ਹੋ ਸਕਦਾ ਹੈ।

ਚੈਪਟਰ -4
ਸ਼ੈਕਸ਼ਨ -24

## ਅਧਿਆਪਕਾ ਦੀਆਂ ਡਿਊਟੀਆਂ

- ਸਕੂਲ ਵਿੱਚੋਂ ਲਗਾਤਾਰਤਾ ਅਤੇ ਸਮੇਂ ਦੀ ਪਾਬੰਦੀ ਰੱਖਣਾ।
- ਨਿਰਧਾਰਤ ਪਾਠਕ੍ਰਮ ਨੂੰ ਕ੍ਰਮਵਾਰ ਪੂਰਾ ਕਰਨਾ।
- ਮਿੱਥੇ ਸਮੇਂ ਵਿੱਚ ਸਾਰਾ ਪਾਠਕ੍ਰਮ ਪੂਰਾ ਕਰਨਾ।

ਚਲਦਾ..

- ਮਾਪਿਆ/ ਗਾਰਡੀਅਨਜ਼ ਨਾਲ ਸਮੇਂ ਸਮੇਂ ਤੇ ਮੀਟਿੰਗਾਂ ਕਰਨੀਆਂ
- ਵਿਭਾਗ ਦੁਆਰਾ ਤਜ਼ਵੀਜ਼ ਕੀਤੀਆਂ ਹੋਰ ਡਿਊਟੀਆਂ ਨਿਭਾਉਣਾ।

ਚੈਪਟਰ -4

ਸ਼ੈਕਸ਼ਨ -25

ਐਕਟ ਦੇ ਲਾਗੂ ਹੋਣ ਦੇ ਛੇ ਮਹੀਨੇ ਦੇ ਅੰਦਰ ਅੰਦਰ ਉਪਯੁਕਤ ਸਰਕਾਰ/ਸਥਾਨਕ ਸਰਕਾਰ ਇਹ ਸੁਨਿਸ਼ਤ ਕਰੇਗੀ ਕੀ ਵਿਦਿਆਰਥੀ-ਅਧਿਆਪਕ ਅਨੁਪਾਤ ਜੋ ਹੇਠਾਂ ਲਿਖੇ ਅਨੁਸਾਰ ਹੋਵੇ।

ਚਲਦਾ..

## ਪਹਿਲੀ ਤੋਂ ਪੰਜਵੀਂ ਜਮਾਤ ਤੱਕ

| | |
|---|---|
| ➢60 ਤੱਕ | 2 ਅਧਿਆਪਕ |
| ➢61-90 | 3 ਅਧਿਆਪਕ |
| ➢91-120 | 4 ਅਧਿਆਪਕ |
| ➢121-200 | 5 ਅਧਿਆਪਕ |
| ➢150 ਤੋਂ ਵੱਧ | 5 ਅਧਿਆਪਕ+ 1 ਹੈੱਡ ਟੀਚਰ |
| ➢200 ਤੋਂ ਵੱਧ | 1:40 |

## ਛੇਵੀਂ ਤੋਂ ਅੱਠਵੀ ਜਮਾਤ ਤੱਕ

1.ਘੱਟੋ ਘੱਟ ਇੱਕ ਅਧਿਆਪਕ ਪ੍ਰਤੀ ਜਮਾਤ

➢ ਵਿਗਿਆਨ/ਗਣਿਤ।

➢ ਸਮਾਜਿਕ ਸਿੱਖਿਆ ।

➢ ਭਾਸ਼ਾਵਾਂ।

2 ਹਰ 35 ਵਿਦਿਆਰਥੀਆਂ ਲਈ ਘੱਟੋ ਘੱਟ ਇੱਕ ਅਧਿਆਪਕ ਹੋਵੇ।

3. ਜਿੱਥੇ 100 ਤੋਂ ਵੱਧ ਵਿਦਿਆਰਥੀ ਹੋਣ ਉੱਥੇ ਇੱਕ ਹੈੱਡ ਟੀਚਰ (Permanent) ਅਤੇ ਕਲਾਂ ਸਿੱਖਿਆਂ, ਸਿਹਤ ਅਤੇ ਸਰੀਰਕ ਸਿੱਖਿਆ,ਕਾਰਜ ਸਿੱਖਿਆ ਦੇ ਪਾਰਟ ਟਾਈਮ ਅਧਿਆਪਕ ਹੋਣਗੇ।

ਚੈਪਟਰ -4

ਸ਼ੈਕਸ਼ਨ -26

**ਖਾਲੀ ਅਸਾਮੀਆਂ ਸੰਬੰਧੀ**

ਉਪਯੁੱਕਤ ਸਰਕਾਰ/ ਸਥਾਨਕ ਸਰਕਾਰ ਜਾਂ ਸਹਾਇਤਾਂ ਪ੍ਰਾਪਤ ਸਕੂਲਾਂ ਵਿੱਚ ਨਿਯੁਕਤੀਆਂ ਕਰਨ ਵਾਲੀ ਅਥਾਰਟੀ ਇਹ ਸੁਨਿੱਸ਼ਚਤ ਕਰੇਗੀ ਕਿ ਉਸ ਅਧੀਨ ਚੱਲਣ ਵਾਲੇ ਸਕੂਲਾਂ ਵਿੱਚ ਖਾਲੀ ਅਸਾਮੀਆਂ ਦੀ ਗਿਣਤੀ, ਸਕੂਲ਼ ਦੀ ਮਨਜ਼ੂਰ-ਸ਼ੁਦਾ ਅਸਾਮੀਆਂ ਦਾ 10% ਤੋਂ ਵੱਧ ਨਾ ਹੋਵੇ।

ਚੈਪਟਰ -4

ਸ਼ੈਕਸ਼ਨ -27

**ਸਿੱਖਿਆ ਤੋਂ ਇਲਾਵਾ ਅਧਿਆਪਕਾਂ ਦੀਆ ਡਿਊਟੀਆਂ**

- ਹਰ ਦਹਾਕੇ ਹੋਣ ਵਾਲੀ ਮਰਦਮ-ਸ਼ੁਮਾਰੀ
- ਆਫਤ ਸਮੇਂ ਰਾਹਤ ਕਾਰਜਾਂ ਦੀ ਡਿਊਟੀ
- ਲੋਕਲ ਅਥਾਰਟੀ , ਵਿਧਾਨ ਸਭਾ ਜਾਂ ਸੰਸਦ ਲਈ ਚੋਣ ਡਿਊਟੀ ।

(ਉਪਰੋਕਤ ਤੋਂ ਇਲਾਵਾ ਅਧਿਆਪਕਾਂ ਨੂੰ ਕੋਈ ਹੋਰ ਵਾਧੂ ਡਿਊਟੀ ਨਹੀਂ ਦਿੱਤੀ ਜਾਵੇਗੀ)

## ਚੈਪਟਰ -4
## ਸ਼ੈਕਸ਼ਨ -28

ਆਰ ਟੀ ਈ ਐਕਟ 2009 ਅਧਿਆਪਕ ਨੂੰ ਪ੍ਰਾਈਵੇਟ ਟਿਊਸ਼ਨ ਜਾਂ ਪ੍ਰਾਈਵੇਟ ਅਧਿਆਪਨ ਕਰਵਾਉਣ ਤੋਂ ਮਨਾਹੀ ਕਰਦਾ ਹੈ।

## ਚੈਪਟਰ -5
## ਸ਼ੈਕਸ਼ਨ -29

- ਮੁੱਢਲੀ ਸਿੱਖਿਆ ਵਾਸਤੇ ਪਾਠਕ੍ਰਮ ਅਤੇ ਮੁਲਾਂਕਣ ਸਰਕਾਰ ਦੀ ਨੋਟੀਫਿਕੇਸ਼ਨ ਰਾਂਹੀ ਅਕਾਦਮਿਕ ਅਥਾਰਟੀ ਦੁਆਰਾ ਨਿਰਧਾਰਿਤ ਹੋਵੇਗਾ।
- ਅਕਾਦਮਿਕ ਅਥਾਰਟੀ ਹੇਠਾਂ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਪਾਠ ਕ੍ਰਮ ਅਤੇ ਮੁਲਾਂਕਣ ਵਿਧੀ ਨੂੰ ਨਿਰਧਾਰਿਤ ਕਰੇਗੀ

ਚਲਦਾ...

- ਸੰਵਿਧਾਨ ਵਿੱਚ ਮੋਜੂਦ ਕਦਰਾਂ ਕੀਮਤਾਂ।
- ਬੱਚੇ ਦੇ ਸਮੁੱਚੇ ਵਿਕਾਸ ।
- ਬੱਚੇ ਦੇ ਗਿਆਨ, ਸਮਰਥਾ ਅਤੇ ਯੋਗਤਾ ਦਾ ਵਿਕਾਸ ।
- ਮਾਨਸਿਕ ਅਤੇ ਸਰੀਰਕ ਵਿਕਾਸ ।
- ਬਾਲ਼ ਕੇਂਦਰਿਤ ਤਰੀਕਿਆਂ ਨਾਲ ਸਿੱਖਾਉਣਾ।

ਚਲਦਾ..

- ਬੱਚਿਆਂ ਨੂੰ ਡਰ ਸਦਮਾਂ ਅਤੇ ਚਿੰਤਾਂ ਤੋਂ ਮੁਕਤ ਪੜ੍ਹਾਈ ਕਰਨ ਬਾਰੇ।
- ਸਿੱਖਿਆ ਦਾ ਮਾਧਿਅਮ – ਮਾਤ੍ਰ ਭਾਸ਼।

ਚੈਪਟਰ -5
ਸ਼ੈਕਸ਼ਨ -30

ਮੁੱਢਲੀ ਸਿੱਖਿਆ ਦੇ ਪੂਰੇ ਹੋਣ ਤੱਕ ਕਿਸੇ ਬੱਚੇ ਨੂੰ ਬੋਰਡ ਦਾ ਕੋਈ ਇਮਤਿਹਾਨ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ।

ਚੈਪਟਰ -6
ਸ਼ੈਕਸ਼ਨ -31

ਬੱਚਿਆਂ ਦੇ ਅਧਿਕਾਰਾਂ ਲਈ ਸਟੇਟ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ।

ਚੈਪਟਰ -6

ਸ਼ੈਕਸ਼ਨ -33

## ਰਾਸ਼ਟਰੀ ਸਲਾਹਕਾਰ ਕੌਂਸਲ ਦਾ ਗਠਨ

ਕੇਂਦਰ ਸਰਕਾਰ ਦੁਆਰਾ ਨੋਟੀਫਿਕੇਸ਼ਨ ਰਾਂਹੀ ਰਾਸ਼ਟਰੀ ਸਲਾਹਕਾਰ ਕੌਂਸਲ ਦਾ ਗਠਨ ਕੀਤਾ ਜਾਵੇਗਾ। ਜਿਸ ਵਿੱਚ ਵੱਧ ਤੋਂ ਵੱਧ 15 ਮੈਂਬਰ ਹੋਣਗੇ। ਇਹ ਮੈਂਬਰ ਉਹ ਹੋਣਗੇ ਜਿਨ੍ਹਾਂ ਨੂੰ ਮੁੱਢਲੀ ਸਿੱਖਿਆ ਅਤੇ ਬਾਲ ਵਿਕਾਸ ਦੇ ਖੇਤਰ ਵਿੱਚ ਦਾ ਗਿਆਨ ਅਤੇ ਪ੍ਰਯੋਗੀ ਤਜ਼ਰਬਾ ਹੋਵੇ।

ਚੈਪਟਰ -6

ਸ਼ੈਕਸ਼ਨ -34

## ਰਾਜ ਪੱਧਰ ਤੇ ਰਾਜ ਸਲਾਹਕਾਰ ਕੌਂਸਲ ਦਾ ਗਠਨ

ਰਾਜ ਸਰਕਾਰ ਦੁਆਰਾ ਨੋਟੀਫਿਕੇਸ਼ਨ ਰਾਂਹੀ ਰਾਜ ਸਲਾਹਕਾਰ ਕੌਂਸਲ ਦਾ ਗਠਨ ਕੀਤਾ ਜਾਵੇਗਾ। ਜਿਸ ਵਿੱਚ ਵੱਧ ਤੋਂ ਵੱਧ 15 ਮੈਂਬਰ ਹੋਣਗੇ। ਇਹ ਮੈਂਬਰ ਉਹ ਹੋਣਗੇ ਜਿਨ੍ਹਾਂ ਨੂੰ ਮੁੱਢਲੀ ਸਿੱਖਿਆ ਅਤੇ ਬਾਲ ਵਿਕਾਸ ਦੇ ਖੇਤਰ ਵਿੱਚ ਦਾ ਗਿਆਨ ਅਤੇ ਪ੍ਰਯੋਗੀ ਤਜ਼ਰਬਾ ਹੋਵੇ।

## ਭਾਗ 2

# ਬੱਚਿਆਂ ਲਈ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਦਾ ਅਧਿਕਾਰ ਐਕਟ 2009 - ਸ਼ਡਿਊਲ ਸੈਕਸ਼ਨ 19 ਤੇ 25

## ਸਕੂਲਾਂ ਲਈ ਸਟੈਂਡਰਡ ਅਤੇ ਨਾਰਮ

# ਸਕੂਲਾਂ ਲਈ ਨਿਯਮ ਅਤੇ ਪੱਧਰ

**ਪਹਿਲੀ ਤੋਂ ਪੰਜਵੀਂ ਜਮਾਤ ਤੱਕ**

| | |
|---|---|
| ➢ 60 ਤੱਕ | 2 ਅਧਿਆਪਕ |
| ➢ 61-90 | 3 ਅਧਿਆਪਕ |
| ➢ 91-120 | 4 ਅਧਿਆਪਕ |
| ➢ 121-200 | 5 ਅਧਿਆਪਕ |
| ➢ 150 ਤੋਂ ਵੱਧ | 5 ਅਧਿਆਪਕ+ 1 ਹੈੱਡ ਟੀਚਰ |
| ➢ 200 ਤੋਂ ਵੱਧ | 1:40 |

ਚਲਦਾ...

**ਛੇਵੀਂ ਤੋਂ ਅੱਠਵੀ ਜਮਾਤ ਤੱਕ**

1.ਘੱਟੋ ਘੱਟ ਇੱਕ ਅਧਿਆਪਕ ਪ੍ਰਤੀ ਜਮਾਤ

- ਵਿਗਿਆਨ/ਗਣਿਤ।
- ਸਮਾਜਿਕ ਸਿੱਖਿਆ ।
- ਭਾਸ਼ਾਵਾਂ।

2 ਹਰ 35 ਵਿਦ੍ਆਰਥੀਆਂ ਲਈ ਘੱਟੋ ਘੱਟ ਇੱਕ ਅਧਿਆਪਕ ਹੋਵੇ।

3. ਜਿੱਥੇ 100 ਤੋਂ ਵੱਧ ਵਿਦਿਆਰਥੀ ਹੋਣ ਉੱਥੇ ਇੱਕ ਹੈੱਡ ਟੀਚਰ (Permanent) ਅਤੇ ਕਲਾਂ ਸਿੱਖਿਆਂ, ਸਿਹਤ ਅਤੇ ਸਰੀਰਕ ਸਿੱਖਿਆ,ਕਾਰਜ ਸਿੱਖਿਆ ਦੇ ਪਾਰਟ ਟਾਈਮ ਅਧਿਆਪਕ ਹੋਣਗੇ।

## ਬਿਲਡਿੰਗ

- ਘੱਟੋ- ਘੱਟ ਹਰ ਅਧਿਆਪਕ ਲਈ ਇੱਕ ਜਮਾਤ ਅਤੇ ਇੱਕ ਦਫ਼ਤਰ-ਕਮ-ਸਟੋਰ-ਕਮ-ਹੈਡ ਟੀਚਰ ਕਮਰਾ ।
- ਬਿਨਾਂ ਰੁਕਾਵਟ ਤੋਂ ਪਹੁੰਚ।
- ਮੁੰਡੇ ਕੁੜੀਆਂ ਲਈ ਵੱਖਰੇ ਪਖਾਨੇ।
- ਸੁੱਰਖਿਅਤ ਅਤੇ ਵਧੀਆ ਪੀਣ ਵਾਲੇ ਪਾਣੀ ਦੀ ਸੁਵਿਧਾ।

ਚਲਦਾ...

- ਮਿਡ-ਡੇ-ਮੀਲ ਬਣਾਉਣ ਲਈ ਸਕੂਲ ਵਿੱਚ ਰਸੋਈ ਘਰ।
- ਖੇਡ ਦਾ ਮੈਦਾਨ।
- ਸਕੂਲ ਬਿਲਡਿੰਗ ਦੀ ਸੁਰੱਖਿਆ ਲਈ ਚਾਰ ਦਿਵਾਰੀ ਦਾ ਪ੍ਰਬੰਧ।

ਚਲਦਾ...

ਇੱਕ ਵਿਦਿਅਕ ਵਰ੍ਹੇ ਲਈ ਘੱਟੋ-ਘੱਟ ਕੰਮ- ਕਾਜੀ ਦਿਨ/ਹਦਾਇਤਾਂ ਲਈ ਘੰਟੇ

- ਪਹਿਲ਼ੀ ਜਮਾਤ ਤੋਂ ਪੰਜਵੀਂ ਜਮਾਤ ਲਈ 200 ਕੰਮ ਕਾਜੀ ਦਿਨ।
- ਛੇਵੀਂ ਤੋਂ ਅੱਠਵੀਂ ਜਮਾਤ ਲਈ 220 ਕੰਮ ਕਾਜੀ ਦਿਨ।
- ਪਹਿਲੀ ਜਮਾਤ ਤੋਂ ਪੰਜਵੀਂ ਜਮਾਤ ਤੱਕ ਪ੍ਰਤੀ ਵਿਦਿਅਕ ਵਰ੍ਹੇ ਵਿੱਚ ਪੜ੍ਹਾਈ ਲਈ 800 ਘੰਟੇ।
- ਛੇਵੀਂ ਤੋਂ ਅੱਠਵੀਂ ਤੱਕ ਹਰ ਵਿਦਿਅਕ ਵਰ੍ਹੇ ਵਿੱਚ ਪੜ੍ਹਾਈ ਲਈ 1000 ਘੰਟੇ

ਚਲਦਾ...

- ਹਫ਼ਤੇ ਵਿੱਚੇ  ਘੱਟੋ ਘੱਟ 45 ਘੰਟੇ ਅਧਿਆਪਕ ਲਈ ਪੜ੍ਹਾਉਣ ਅਤੇ ਤਿਆਰੀ ਕਰਨ ਲਈ।
- ਲੋੜ ਅਨੁਸਾਰ ਹਰ ਜਮਾਤ ਨੂੰ ਸਿੱਖਣ ਅਤੇ ਸਿੱਖਾਉਣ ਲਈ ਸਮੱਗਰੀ ਮੁੱਹਈਆ ਕਰਵਾਈ ਜਵੇਗੀ।
- ਹਰ ਸਕੂਲ ਵਿੱਚ ਇੱਕ ਲਾਇਬ੍ਰੇਰੀ ਹੋਵੇ ਜਿਸ ਵਿੱਚ ਅਕਬਾਰ, ਮੈਗਜ਼ੀਨ, ਸਾਰੇ ਵਿਸ਼ਿਆ ਦੀਆਂ ਕਿਤਬਾਂ ਅਤੇ ਕਹਾਣੀ ਦੀਆਂ ਕਿਤਾਬਾਂ ਹੋਣ।
- ਖੇਡਾਂ ਦਾ ਸਮਾਨ ਹਰ ਜਮਾਤ ਨੂੰ ਲੋੜ ਅਨੁਸਾਰ ਮੱਹਈਆ ਕਰਵਾਇਆ ਜਾਵੇਗਾ।